# 3rd India-Australia-Japan-USA Quad Ministerial Meeting

February 18, 2021

# ਭਾਰਤ-ਆਸਟ੍ਰੇਲੀਆ -ਜਾਪਾਨ-ਸੰਯੁਕਤ ਰਾਜ ਅਮਰੀਕਾ QUAD ਦੀ ਮੰਤਰੀ ਮੰਡਲੀ ਬੈਠਕ

18 ਫਰਵਰੀ, 2021

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਆਪਣੇ ਹਮਰੁਤਬਾਵਾਂ ਵਿਦੇਸ਼ ਮੰਤਰੀ ਮਾਰੀਸ ਪੇਨੇ, ਵਿਦੇਸ਼ ਮੰਤਰੀ ਤੋਸ਼ੀਮਿਤਸੁ ਮੋਟੇਗੀ ਅਤੇ ਵਿਦੇਸ਼ ਰਾਜ ਮੰਤਰੀ ਐਂਟਨੀ ਬਲਿੰਕੇਨ ਨਾਲ 18 ਫਰਵਰੀ, 2021 ਨੂੰ ਹੋਈ ਤੀਜੀ ਭਾਰਤ-ਆਸਟਰੇਲੀਆ-ਜਾਪਾਨ- ਸੰਯੁਕਤ ਰਾਜ ਅਮਰੀਕਾ QUAD ਮੰਤਰੀ ਮੰਡਲੀ ਬੈਠਕ ਵਿੱਚ ਹਿੱਸਾ ਲਿਆ।

ਇਨ੍ਹਾਂ ਮੰਤਰੀਆਂ ਨੇ ਸਿਆਸੀ ਲੋਕਤੰਤਰ, ਬਾਜ਼ਾਰ ਆਰਥਿਕਤਾ ਅਤੇ ਬਹੁਲਵਾਦੀ ਸਮਾਜਾਂ ਦੇ ਤੌਰ 'ਤੇ ਆਪਣੇ ਸਾਂਝੀਆਂ ਵਿਸ਼ੇਸ਼ਤਾਵਾਂ 'ਤੇ ਚਾਨਣਾ ਪਾਇਆ. ਉਨ੍ਹਾਂ ਨੇ ਇਹ ਗੱਲ ਮੰਨੀ ਕਿ ਦੁਨੀਆ ਵਿਚ ਹੋ ਰਹੀਆਂ ਤਬਦੀਲੀਆਂ ਇਨ੍ਹਾਂ ਦੇਸ਼ਾਂ ਲਈ ਮਿਲ ਕੇ ਕੰਮ ਕਰਨ ਦਾ ਠੋਸ ਕਾਰਨ ਹਨ। ਆਲਮੀ ਭਾਈਚਾਰੇ ਲਈ ਇਹ ਗੱਲ ਮਹੱਤਵਪੂਰਨ ਹੈ ਕਿ ਤਬਦੀਲੀਆਂ ਦੀ ਦਿਸ਼ਾ ਸਕਾਰਾਤਮਕ ਅਤੇ ਸਾਰਿਆਂ ਲਈ ਲਾਹੇਵੰਦ ਰਹੇ।

ਮੰਤਰੀਆਂ ਨੇ ਨਿਯਮ-ਅਧਾਰਤ ਆਲਮੀ ਵਿਵਸਥਾ ਨੂੰ ਬਰਕਰਾਰ ਰੱਖਣ ਦੀ ਆਪਣੀ ਵਚਨਬੱਧਤਾ 'ਤੇ ਜ਼ੋਰ ਦਿੱਤਾ ਜੋ ਖੇਤਰੀ ਅਖੰਡਤਾ ਅਤੇ ਪ੍ਰਭੂਸੱਤਾ, ਕਾਨੂੰਨ ਦੇ ਰਾਜ, ਪਾਰਦਰਸ਼ਤਾ, ਆਲਮੀ ਸਮੁੰਦਰਾਂ ਵਿਚ ਆਵਾਜਾਈ ਦੀ ਆਜ਼ਾਦੀ ਅਤੇ ਵਿਵਾਦਾਂ ਦੇ ਸ਼ਾਂਤੀਪੂਰਨ ਹੱਲ ਪ੍ਰਤੀ ਸਨਮਾਨ 'ਤੇ ਅਧਾਰਤ ਹੈ।

ਖੇਤਰੀ ਮੁੱਦਿਆਂ 'ਤੇ ਉਨ੍ਹਾਂ ਦੇ ਲਾਹੇਵੰਦ ਵਟਾਂਦਰੇ ਵਿੱਚ ਆਜ਼ਾਦ, ਖੁੱਲੇ ਅਤੇ ਸਮਾਵੇਸ਼ੀ ਭਾਰਤ-ਪ੍ਰਸ਼ਾਂਤ ਖੇਤਰ ਪ੍ਰਤੀ ਉਨ੍ਹਾਂ ਦੇ ਸਾਂਝੇ ਦ੍ਰਿਸ਼ਟੀਕੋਣ ਦਾ ਦੁਹਰਾਇਆ ਜਾਣਾ ਸ਼ਾਮਲ ਸੀ, ਜਿਸ ਵਿੱਚ ASEAN ਏਕਤਾ ਅਤੇ ਇਸਦੀ ਕੇਂਦਰੀ ਭੂਮਿਕਾ ਪ੍ਰਤੀ ਸਪੱਸ਼ਟ ਸਮਰਥਨ ਸ਼ਾਮਲ ਸੀ। ਇਹ ਕਿਹਾ ਗਿਆ ਕਿ ਭਾਰਤ-ਪ੍ਰਸ਼ਾਂਤ ਦੇ ਵਿਚਾਰ ਨੂੰ ਯੂਰੋਪ ਸਮੇਤ ਵਧੇਰੇ ਆਲਮੀ ਹਿਮਾਇਤ ਮਿਲ ਰਹੀ ਹੈ।

ਮੰਤਰੀਆਂ ਨੇ COVID -19 ਮਹਾਂਮਾਰੀ ਨਾਲ ਨਜਿੱਠਣ ਲਈ ਟੀਕਾਕਰਨ ਪ੍ਰੋਗਰਾਮਾਂ ਸਣੇ ਚੱਲ ਰਹੇ ਯਤਨਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਨੇ ਇਸ ਚੁਣੌਤੀ ਨਾਲ ਨਜਿੱਠਣ, ਕਿਫਾਇਤੀ ਟੀਕਿਆਂ, ਦਵਾਈਆਂ ਅਤੇ ਡਾਕਟਰੀ ਉਪਕਰਣਾਂ ਤੱਕ ਪਹੁੰਚ ਵਧਾਉਣ ਲਈ ਸਹਿਯੋਗ ਕਰਨ ਪ੍ਰਤੀ ਵਚਨਬੱਧਤਾ ਜ਼ਾਹਰ ਕੀਤੀ। ਭਾਰਤ ਵੱਲੋਂ 74 ਦੇਸ਼ਾਂ ਨੂੰ ਟੀਕੇ ਮੁਹੱਈਆ ਕਰਾਉਣ ਦੇ ਯਤਨਾਂ ਨੂੰ ਸਨਮਾਨ ਮਿਲਿਆ ਅਤੇ ਇਸਦੀ ਪ੍ਰਸ਼ੰਸਾ ਕੀਤੀ ਗਈ।

ਮੰਤਰੀਆਂ ਨੇ ਮੌਸਮੀ ਤਬਦੀਲੀ ਦਾ ਪ੍ਰਤੀਕਰਮ ਦੇਣ ਅਤੇ ਸਮੁੰਦਰੀ ਸੁਰੱਖਿਆ, HADR, ਸਪਲਾਈ ਚੇਨ ਲਚਕੀਲਾਪਣ ਅਤੇ ਅੱਤਵਾਦ-ਰੋਧ ਵਰਗੇ ਖੇਤਰਾਂ ਵਿੱਚ ਸਹਿਯੋਗ ਵਧਾਉਣ ਬਾਰੇ ਵਿਚਾਰ ਵਟਾਂਦਰੇ ਕੀਤੇ।

ਹਾਲ ਵਿੱਚ ਹੀ ਮਿਆਂਮਾਰ ਵਿੱਚ ਹੋਏ ਘਟਨਾਕ੍ਰਮ ਨਾਲ ਸਬੰਧਤ ਵਿਚਾਰ ਵਟਾਂਦਰੇ ਦੌਰਾਨ ਭਾਰਤ ਨੇ ਕਾਨੂੰਨ ਦੇ ਰਾਜ ਅਤੇ ਜਮਹੂਰੀ ਤਬਦੀਲੀ ਨੂੰ ਕਾਇਮ ਰੱਖਣ ਦੀ ਲੋੜ ਦੁਹਰਾਈ। ਇਹ ਕਹਿੰਦੇ ਹੋਏ ਕਿ ਬਾਕਾਇਦਾ Quad ਸਲਾਹ-ਮਸ਼ਵਰੇ ਲਾਹੇਵੰਦ ਹਨ, ਮੰਤਰੀਆਂ ਨੇ ਇਨ੍ਹਾਂ ਲਾਭਕਾਰੀ ਵਿਚਾਰ ਵਟਾਂਦਰਿਆਂ ਨੂੰ ਜਾਰੀ ਰੱਖਣ ਉੱਤੇ ਸਹਿਮਤੀ ਦਿੱਤੀ।

ਨਵੀਂ ਦਿੱਲੀ
18 ਫਰਵਰੀ, 2021

DISCLAIMER: This is an approximate translation. The original is available in English on MEA’s website and may be referred to as the official press release.